1 ਫ਼ਰਵਰੀ, 2023

ਪਿਆਰੇ ਮਾਪੇ ਜਾਂ ਸਰਪ੍ਰਸਤ:

2023-24 ਸਕੂਲ ਸਾਲ ਲਈ ਕਿੰਡਰਗਾਰਟਨ ਰਜਿਸਟਰੀਕਰਣ, ਕਲੋਵਿਸ ਯੂਨੀਫਾਈਡ ਸਕੂਲ ਡਿਸਟ੍ਰਿਕਟ (ਸੀਯੂਐਸਡੀ) ਦੇ ਸਾਰੇ ਐਲੀਮੈਂਟਰੀ ਸਕੂਲਾਂ ਵਿੱਚ, ਬੁੱਧਵਾਰ, 1 ਮਾਰਚ, 2023 ਤੋਂ, ਰੋਜ਼ਾਨਾ ਆਯੋਜਿਤ ਕੀਤੀ ਜਾਵੇਗੀ ।ਕਿੰਡਰਗਾਰਟਨ ਵਿੱਚ ਰਜਿਸਟਰ ਹੋਣ ਦੇ ਯੋਗ ਲਈ, ਬੱਚੇ ਦੀ ਉਮਰ ਪੰਜ (5) ਸਾਲ ਦੀ **1 ਸਤੰਬਰ, 2023** ਤਕ ਜਾਂ ਇਸ ਤੋਂ ਪਹਿਲਾਂ ਹੋਣੀ ਚਾਹੀਦੀ ਹੈ। ਇੱਕ ਵਾਰ ਫਿਰ, ਸਾਡੀ ਸਕੂਲ ਦੀਆਂ ਸਾਈਟਾਂ ਔਨਲਾਈਨ ਪੂਰਵ-ਰਜਿਸਟ੍ਰੇਸ਼ਨ ਦੀ ਪ੍ਰਕਿਰਿਆਂ ਦੀ ਵਰਤੋਂ ਕਰਨਗੀਆਂ। ਪੂਰਵ-ਰਜਿਸਟ੍ਰੇਸ਼ਨ ਪ੍ਰਕਿਰਿਆ ਵੀਰਵਾਰ, 22 ਫਰਵਰੀ, 2023, ਨੂੰ 10.00 ਸਵੇਰ ਨੂੰ ਉਪਲਬਧ ਹੋਵੇਗੀ, ਅਤੇ CUSD ਵੈਬਸਾਈਟ (https://www.cusd.com/) ਤੇ ਪਹੁੰਚ ਕੀਤੀ ਜਾ ਸਕਦੀ ਹੈ। ਮਾਪੇ ਆਪਣੇ ਬੱਚੇ ਦਾ ਰਜਿਸਟਰੀਕਰਣ ਫਾਰਮ ਭਰ ਸਕਣਗੇ ਅਤੇ ਦਾਖਲੇ ਦੇ ਦਸਤਾਵੇਜ਼ ਵੀ ਨਾਲ ਜੋੜ ਸਕਣਗੇ ਜਾਂ ਆਪਣੇ ਰਿਹਾਇਸ਼ੀ ਸਕੂਲ ਵਿਚ ਦਾਖਲੇ ਦੇ ਦਸਤਾਵੇਜ਼ ਛੱਡਣ ਲਈ ਮੁਲਾਕਾਤ ਦਾ ਪ੍ਰਬੰਧ ਕਰ ਸਕਣਗੇ। ਜੇ ਮਾਪਿਆਂ ਜਾਂ ਬੱਚੇ ਦੇ ਸਰਪ੍ਰਸਤਾਂ ਨੂੰ ਔਨਲਾਈਨ ਕਿੰਡਰਗਾਰਟਨ ਪ੍ਰੀ-ਰਜਿਸਟ੍ਰੇਸ਼ਨ ਪ੍ਰਕਿਰਿਆ ਵਿੱਚ ਸਹਾਇਤਾ ਦੀ ਲੋੜ ਹੈ, ਉਹ ਬੁੱਧਵਾਰ, 1 ਮਾਰਚ, 2023 ਤੋਂ ਸਕੂਲ ਦੇ ਸਮੇਂ ਦੌਰਾਨ ਆਪਣੇ ਰਿਹਾਇਸ਼ੀ ਸਕੂਲ ਜਾ ਸਕਦੇ ਹਨ।

ਪਰਿਵਰਤਨਸ਼ੀਲ ਕਿੰਡਰਗਾਰਟਨ 2023-24 ਸਕੂਲ ਸਾਲ ਲਈ ਪੇਸ਼ਕਸ਼ ਕੀਤੀ **ਜਾਏਗੀ। ਜੇ ਤੁਹਾਡਾ ਬੱਚਾ 2 ਸਤੰਬਰ 2023, ਅਤੇ 2 ਅਪ੍ਰੈਲ 2024, ਦੀਆਂ ਤਰੀਕਾਂ ਦੇ ਵਿਚਕਾਰ ਪੰਜ ਸਾਲਾਂ ਦਾ ਹੋ ਜਾਵੇਗਾ, ਤਾਂ ਤੁਸੀਂ ਉਸਨੂੰ ਪਰਿਵਰਤਨਸ਼ੀਲ ਕਿੰਡਰਗਾਰਟਨ ਲਈ ਕਲੋਵਿਸ ਯੂਨੀਫਾਈਡ ਵਿੱਚ ਦਾਖਲ ਕਰਵਾ ਸਕਦੇ ਹੋ।** ਪਰਿਵਰਤਨਸ਼ੀਲ ਕਿੰਡਰਗਾਰਟਨ ਦੋ ਸਾਲਾਂ ਦੇ ਕਿੰਡਰਗਾਰਟਨ ਪ੍ਰੋਗਰਾਮ ਦਾ ਪਹਿਲਾ ਸਾਲ (ਇਕ ਸਾਲ - ਪਰਿਵਰਤਨਸ਼ੀਲ ਕਿੰਡਰਗਾਰਟਨ ਅਤੇ ਦੂਜਾ ਸਾਲ - ਕਿੰਡਰਗਾਰਟਨ) ਹੈ ਜੋ ਕਿ ਇਕ ਸੰਸ਼ੋਧਿਤ ਕਿੰਡਰਗਾਰਟਨ ਪਾਠਕ੍ਰਮ ਦੀ ਵਰਤੋਂ ਕਰਦਾ ਹੈ ਜੋ ਉਮਰ ਅਤੇ ਵਿਕਾਸ ਦੇ ਅਨੁਕੂਲ ਹੈ। ਪਰਿਵਰਤਨਸ਼ੀਲ ਕਿੰਡਰਗਾਰਟਨ ਰਜਿਸਟ੍ਰੇਸ਼ਨ ਉਸੇ ਤਰਾਂ ਔਨਲਾਈਨ ਪ੍ਰਣਾਲੀ ਵਰਤੇਗੀ ਜਿਵੇਂ ਕਿ ਕਿੰਡਰਗਾਰਟਨ ਲਈ ਉੱਪਰ ਦੱਸਿਆ ਗਿਆ ਹੈ।

**"ਕਿਰਪਾ ਕਰਕੇ ਜਾਂ ਤਾਂ ਹੇਠਾਂ ਦਿੱਤੇ ਦਸਤਾਵੇਜ਼ਾਂ ਨੂੰ ਆਪਣੀ ਔਨਲਾਈਨ ਪ੍ਰੀ-ਰਜਿਸਟ੍ਰੇਸ਼ਨ ਨਾਲ ਨੱਥੀ ਕਰਨ ਲਈ ਜਾਂ ਆਪਣੀ ਕਿੰਡਰਗਾਰਟਨ/ਪਰਿਵਰਤਨਸ਼ੀਲ ਕਿੰਡਰਗਾਰਟਨ ਦਾਖਲਾ ਮੁਲਾਕਾਤ ਦੇ ਸਮੇਂ ਦਸਤਾਵੇਜ਼ ਲਿਆਉਣ ਲ ਈ ਤਿਆਰ ਰਹੋ।"**

- ਜਨਮ ਸਰਟੀਫਿਕੇਟ ਜਾਂ ਹੋਰ ਜਨਮ ਰਿਕਾਰਡ, ਜਿਵੇਂ ਕਿ ਬਪਟਿਸਮ ਦਾ ਸਰਟੀਫਿਕੇਟ (30 ਦਿਨਾਂ ਦੇ ਅੰਦਰ ਜਨਮ ਸਰਟੀਫਿਕੇਟ ਦੇਣਾ ਲਾਜ਼ਮੀ ਹੈ)।
- ਰਿਹਾਇਸ਼ ਦਾ ਸਬੂਤ: ਹੇਠ ਲਿਖਿਆਂ ਵਿਚੋਂ ਇਕ ਦਸਤਾਵੇਜ਼ ਲੋੜੀਂਦਾ ਹੈ ।
  ਹਾਲ ਹੀ ਵਿਚ ਜਾਇਦਾਦ ਟੈਕਸ ਦੀ ਰਸੀਦ; ਮੌਜੂਦਾ ਲੀਜ਼; ਕਿਰਾਏ ਦੀ ਤਾਜ਼ਾ ਰਸੀਦਾਂ; ਪੀ ਜੀ ਐਂਡ ਈ ਬਿੱਲ; ਹਾਲ ਹੀ ਦਾ ਪਾਣੀ, ਸੀਵਰੇਜ ਜਾਂ ਕੂੜਾ ਕਰਕਟ ਦਾ ਬਿੱਲ; ਰੁਜ਼ਗਾਰ ਤਨਖਾਹ ਦੀ ਸਲਿਪ; ਸੋਸ਼ਲ ਸਿਕਉਰਟੀ ਦੀ ਰਸੀਦ; ਵੇਲਫਿਅਰ ਚੈਕ; ਸੋਸ਼ਲ ਸਰਵਿਸਿਜ਼ ਪੱਤਰ ਵਿਹਾਰ ਦਾ ਵਿਭਾਗ; ਆਈਆਰਐਸ ਟੈਕਸ ਰਿਫੰਡ ਚੈਕ; ਵੋਟਰ ਰਜਿਸਟ੍ਰੇਸ਼ਨ ਕਾਰਡ; ਜਾਂ ਐਸਕ੍ਰੋ ਕਾਗਜ਼ ਜੋ 45 ਦਿਨਾਂ ਦੇ ਅੰਦਰ-ਅੰਦਰ ਬੰਦ ਹੋਣ ਦੀ ਤਾਰੀਖ ਨੂੰ ਦਰਸਾਉਂਦੇ ਹਨ।
- ਅਪ ਟੂ-ਡੇਟ ਟੀਕਾਕਰਨ ਦੇ ਲਿਖਤੀ ਸਬੂਤ: ਪੋਲੀਓ, ਐਮਐਮਆਰ (ਖਸਰਾ, ਮੰਪਸ, ਰੁਬੇਲਾ), ਡੀ.ਟੀ.ਪੀ.

(ਡਿਫਥੀਰੀਆ-ਟੈਟਨਸ-ਪਰਟੂਸਿਸ), ਹੈਪੇਟਾਈਟਸ ਬੀ ਸੀਰੀਜ਼ (6 ਮਹੀਨਿਆਂ ਦੀ ਮਿਆਦ ਵਿਚ 3 ਸ਼ਾਟ) ਅਤੇ ਵੈਰੀਕੇਲਾ (ਚੇਚਕ) ਉਮਰ-ਸੰਬੰਧੀ ਟੀਕਾਕਰਣ ਦੀ ਜਾਣਕਾਰੀ ਲਈ ਇਸ ਪੱਤਰ ਦਾ ਉਲਟਾ ਹਿੱਸਾ ਵੇਖੋ।

**ਗਰੇਡ 1-12 ਵਿਚ ਦਾਖਲ ਹੋਣ ਵਾਲੇ ਸਾਰੇ ਨਵੇਂ ਵਿਦਿਆਰਥੀਆਂ ਲਈ 2023-24 ਰਜਿਸਟ੍ਰੇਸ਼ਨ ਵੀ 7 ਮਾਰਚ 2023, ਮੰਗਲਵਾਰ, ਸਾਰੇ ਸਕੂਲ ਸਾਈਟਾਂ ਤੇ ਸ਼ੁਰੂ ਹੋਵੇਗੀ ।ਔਨਲਾਈਨ ਪ੍ਰੀ-ਰਜਿਸਟ੍ਰੇਸ਼ਨ ਬੁੱਧਵਾਰ, 22 ਫ਼ਰਵਰੀ 2023 ਤੋਂ ਸ਼ੁਰੂ ਹੋਏਗੀ ।**

ਕੈਲੀਫੋਰਨੀਆ ਦੇ ਕਾਨੂੰਨ ਐਸ ਬੀ 277 ਦੇ ਤਹਿਤ, ਨਿੱਜੀ ਵਿਸ਼ਵਾਸਾਂ ਦੇ ਅਧਾਰ ਤੇ ਟੀਕਾਕਰਨ ਛੋਟ ਹੁਣ ਉਚਿਤ ਨਹੀਂ ਹੈ ।ਇੱਕ ਪੂਰਾ ਟੀ ਬੀ ਜੋਖਮ ਮੁਲਾਂਕਣ ਫਾਰਮ ਜਾਂ ਨਕਾਰਾਤਮਕ ਟੀ ਬੀ ਟੈਸਟ ਦੇ ਪ੍ਰਮਾਣ ਦੀ ਬੇਨਤੀ ਸਕੂਲ ਦੇ ਪਹਿਲੇ ਦਾਖਲੇ ਤੇ ਕੀਤੀ ਜਾਂਦੀ ਹੈ। ਕੈਲੀਫੋਰਨੀਆ ਦੇ ਕਾਨੂੰਨ ਦੀ ਮੰਗ ਹੈ ਕਿ ਤੁਹਾਡੇ ਬੱਚੇ ਦੇ ਆਪਣੇ **ਪਹਿਲੇ** ਸਕੂਲ ਸਾਲ ਦੇ 31 ਮਈ ਤੱਕ ਦੰਦਾਂ ਦੀ ਜਾਂਚ ਕੀਤੀ ਜਾਵੇ। ਦੰਦਾਂ ਦੇ ਮੁਲਾਂਕਣ ਜੋ ਤੁਹਾਡੇ ਬੱਚੇ ਦੇ ਸਕੂਲ ਵਿਚ ਦਾਖਲ ਹੋਣ ਤੋਂ 12 ਮਹੀਨਿਆਂ ਦੇ ਅੰਦਰ-ਅੰਦਰ ਹੋਏ ਹਨ, ਵੀ ਇਸ ਜ਼ਰੂਰਤ ਨੂੰ ਪੂਰਾ ਕਰਦੇ ਹਨ। ਇਸ ਤੋਂ ਇਲਾਵਾ, ਕਿਸੇ ਵੀ ਸਮੇਂ ਤੋਂ 18 ਮਹੀਨੇ ਦੇ ਅੰਦਰ-ਅੰਦਰ ਸਰੀਰਕ ਪ੍ਰੀਖਿਆ ਦੀ ਲੋੜ ਹੈ ਬੱਚੇ ਦੇ ਪਹਿਲੇ ਗਰੇਡ ਵਿਚ ਦਾਖਲਾ ਹੋਣ ਤੋਂ 90 ਦਿਨਾਂ ਤਕ । ਸਰੀਰਕ ਪ੍ਰਿਖਿਆ ਦਾ ਦਸਤਾਵੇਜ਼ "ਸਕੂਲ ਦੇ ਦਾਖਲੇ ਲਈ ਸਿਹਤ ਪ੍ਰੀਖਿਆ ਦੀ ਰਿਪੋਰਟ" (ਪੀ.ਐਮ 171 ਏ) ਦੇ ਫਾਰਮ ਤੇ ਹੋਣੀ ਚਾਹੀਦੀ ਹੈ।

ਤੁਹਾਡੀ ਸਹੂਲਤ ਲਈ, ਸਟੇਟ ਸਿਹਤ ਸੇਵਾਵਾਂ ਵਿਭਾਗ ਅਤੇ ਫਰੈਸਨੋ ਕਾਉਂਟੀ ਸਿਹਤ ਸੇਵਾਵਾਂ ਏਜੰਸੀ ਦੇ ਸਹਿਯੋਗ ਨਾਲ, ਸੀਯੂਐਸਡੀ ਸੀਅਰਾ ਵਿਸਟਾ ਚਿਲਡਰਨਜ਼ ਹੈਲਥ ਸੈਂਟਰ ਯੋਗ ਬੱਚਿਆਂ ਲਈ ਟੀਕਾਕਰਣ ਅਤੇ ਸੀਐਚਡੀਪੀ ਸਰੀਰਕ ਪੇਸ਼ਕਸ਼ ਕਰਦਾ ਹੈ:

ਸਿਆਰਾ ਵਿਸਟਾ ਐਲੀਮੈਂਟਰੀ ਸਕੂਲ<br>
ਚਿਲਡ੍ਰਨ ਹੈਲਥ ਸੈਂਟਰ<br>
510 ਬਾਰਸਟੋ ਐਵਨਿਊ - ਕਲੋਵਿਸ<br>
ਸੋਮਵਾਰ ਤੋਂ ਵੀਰਵਾਰ ਤਕ<br>
8:30 ਸੁਬਹ ਤੋਂ 4:00 ਸ਼ਾਮ<br>
327-7976

ਸ਼ੁੱਭਚਿੰਤਕ,

OBrien

ਇਮੀਰ ਓ ਬਰਾਇਨ', ਐਡ.ਡੀ.<br>
ਸੁਪਰੀਟੈਂਡਟ

**Governing Board**
Hugh Awtrey
Deena L. Combs-Flores
David DeFrank
Steven G. Fogg, M.D.
Yolanda Moore
Clinton Olivier
Tiffany Stoker Madsen

**Administration**
Eimear O'Brien, Ed.D.
*Superintendent*
Norm Anderson
*Deputy Superintendent*
Robyn Castillo, Ed.D.
*Associate Superintendent*
Corrine Folmer, Ed.D.
*Associate Superintendent*
Barry S. Jager, Jr.
*Associate Superintendent*
Michael Johnston
*Associate Superintendent*

1450 Herndon Avenue • Clovis, CA 93611-0599
559-327-9000 • www.cusd.com